# ਅੰਤਰ ਧਾਰਮਿਕ ਸੰਵਾਦ ਲਈ ਸਭਾ

**ਈਸਾਈ ਅਤੇ ਸਿੱਖ ਭਾਈਚਾਰੇ:**

**‘ਸਾਡੇ ਸਮੇਂ ਵਿੱਚ’ (*Nostra Aetate*) ਦਸਤਾਵੇਜ਼ ਦੀ ਭਾਵਨਾ ਦੇ ਮੱਦੇਨਜ਼ਰ ਮਿਲਜੁਲ ਕੇ ਸਾਂਝੀਵਾਲਤਾ ਨੂੰ ਬੜ੍ਹਾਵਾ ਦੇਣਾ**

## ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਦੇ ਮੌਕੇ ’ਤੇ ਸੰਦੇਸ਼ 2025

**ਵੈਟੀਕਨ ਸਿਟੀ**

ਪਿਆਰੇ ਸਾਥੀਓ,

ਅੰਤਰ-ਧਾਰਮਿਕ ਵਾਰਤਾਲਾਪ ਸਭਾ, ਆਪ ਸਭ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਦੇ ਮੌਕੇ 'ਤੇ ਤਹਿ ਦਿਲੋਂ ਮੁਬਾਰਕਾਂ ਅਤੇ ਸ਼ੁਭਕਾਮਨਾਵਾਂ ਪੇਸ਼ ਕਰਦੀ ਹੈ, ਜੋ ਕਿ ਇਸ ਸਾਲ 5 ਨਵੰਬਰ, 2025 ਨੂੰ ਮਨਾਇਆ ਜਾਵੇਗਾ। ਇਹ ਪਵਿੱਤਰ ਦਿਹਾੜਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਖੁਸ਼ੀ ਅਤੇ ਸ਼ਾਂਤੀ ਲਿਆਵੇ ਅਤੇ ਤੁਹਾਡੇ ਸਮਾਜ ਵਿੱਚ ਏਕਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰੇ।

ਕੈਥੋਲਿਕ ਕਲੀਸੀਆ ਦਾ ਮਹੱਤਵਪੂਰਨ ਦਸਤਾਵੇਜ਼ 'ਸਾਡੇ ਸਮੇਂ ਵਿੱਚ' (*Nostra Aetate*) (28 ਅਕਤੂਬਰ, 1965; NA), ਜੋ ਠੀਕ 60 ਸਾਲ ਪਹਿਲਾਂ ਜਾਰੀ ਕੀਤਾ ਗਿਆ ਸੀ, ਇਸ ਮੌਕੇ 'ਤੇ ਅਸੀਂ ਯਾਦ ਕਰਦੇ ਹਾਂ ਜਿਸਨੇ, ਵਾਰਤਾਲਾਪ ਅਤੇ ਆਪਸੀ ਸਹਿਯੋਗ ਦੁਆਰਾ ਭਾਈਚਾਰਾ ਸਥਾਪਿਤ ਕਰਨ ਲਈ ਅਲੱਗ-ਅਲੱਗ ਧਾਰਮਿਕ ਪਰੰਪਰਾਵਾਂ ਦੇ ਲੋਕਾਂ ਵਿੱਚ ਸਕਾਰਾਤਮਕ ਮਿਲਾਪ ਨੂੰ ਬਲ ਪ੍ਰਦਾਨ ਕੀਤਾ ਹੈ। ਇੱਕ ਬੁਨਿਆਦੀ ਸਿਧਾਂਤ ਦੇ ਤੌਰ 'ਤੇ, ਦਸਤਾਵੇਜ਼ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਲੋਕਾਂ ਅਤੇ ਕੌਮਾਂ ਵਿੱਚ ਏਕਤਾ, ਪਿਆਰ ਅਤੇ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਵਾਸਤੇ ਕਿ "ਲੋਕਾਂ ਵਿੱਚ ਕੀ ਸਾਂਝਾ ਹੈ ਅਤੇ ਕੀ ਉਹਨਾਂ ਨੂੰ ਭਾਈਚਾਰਿਕ ਸਾਂਝ ਵੱਲ ਖਿੱਚਦਾ ਹੈ" (NA 1) ਨੂੰ ਸਨਮਾਨਪੂਰਵਕ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਨਾਲ ਹੀ ਇਸਨੂੰ ਰਲ-ਮਿਲ ਕੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਹ ਇਸ ਲਈ ਹੈ ਕਿਉਂਕਿ "ਸਭ ਲੋਕਾਂ ਦਾ ਭਾਈਚਾਰਾ ਇੱਕ ਹੈ, ਉਹਨਾਂ ਸਭ ਦਾ ਮੂਲ ਇੱਕ ਹੈ, ਉਹਨਾਂ ਸਭ ਦਾ ਅੰਤਿਮ ਉਦੇਸ਼ ਅਤੇ ਪ੍ਰਮੇਸ਼ਵਰ ਇੱਕ ਹੈ" (ibid.,1)।

ਇਸ ਦਸਤਾਵੇਜ਼ ਨੇ ਸਮੁੱਚੇ ਈਸਾਈਆਂ ਨੂੰ ਸੱਦਾ ਦਿੱਤਾ ਹੈ ਕਿ ਉਹ "ਹੋਰ ਧਾਰਮਿਕ ਪਰੰਪਰਾਵਾਂ ਦੇ ਪੈਰੋਕਾਰਾਂ ਵੱਲੋਂ ਅਪਨਾਈਆਂ ਜਾਣ ਵਾਲੀਆਂ ਚੰਗੀਆਂ ਚੀਜ਼ਾਂ, ਅਧਿਆਤਮਿਕ ਅਤੇ ਨੈਤਿਕ, ਅਤੇ ਨਾਲ ਦੀ ਨਾਲ ਹੀ ਸਮਾਜਿਕ-ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਪਛਾਣਨ, ਸੰਭਾਲਣ ਅਤੇ ਬੜ੍ਹਾਵਾ ਦੇਣ" (ibid., 2)। ਸਾਂਝੀਵਾਲਤਾ ਦੀ ਭਾਵਨਾ ਵਿੱਚ ਪ੍ਰਗਟਾਇਆ ਗਿਆ ਇਹ ਸ਼ੁਭਕਾਮਨਾਵਾਂ ਦਾ ਸੰਦੇਸ਼ ਆਪਣੇ ਆਪ ਵਿੱਚ ਇਸ ਦਸਤਾਵੇਜ਼ ਦੁਆਰਾ ਪ੍ਰੇਰਿਤ ਪਹਿਲਕਦਮੀਆਂ ਦਾ ਇੱਕ ਪਿਆਰਾ ਫਲ਼ ਹੈ। ਇਸ ਵਰ੍ਹੇਗੰਢ ਦੇ ਸਮੇਂ ਤੇ, ਅਸੀਂ ਇਹ ਵਿਚਾਰ ਰੱਖਦੇ ਹਾਂ ਕਿ ਈਸਾਈ ਅਤੇ ਸਿੱਖ ਭਾਈਚਾਰੇ ਦੇ ਲੋਕ ਇਕੱਠੇ ਹੋ ਕੇ ਭਾਈਚਾਰਿਕ ਸਾਂਝ ਨੂੰ ਬਣਾਈ ਰੱਖਣ ਅਤੇ ਇਸ ਨੂੰ ਮਜ਼ਬੂਤ ਕਰਨ ਲਈ ਕਿਵੇਂ ਯਤਨਸ਼ੀਲ ਹੋ ਸਕਦੇ ਹਨ।

ਇਸ ਦਸਤਾਵੇਜ਼ ਦੀ ਭਾਵਨਾ ਅਨੁਸਾਰ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਦਾ ਅਰਥ ਇਹ ਪਛਾਣਨਾ ਹੈ ਕਿ, ਮਤਭੇਦਾਂ ਦੇ ਬਾਵਜੂਦ, ਸਾਰੇ ਮਨੁੱਖ ਖ਼ੁਦਾ ਦੀ ਸੰਤਾਨ ਹਨ ਜੋ ਰਿਸ਼ਤੇ ਵਿੱਚ ਭੈਣ-ਭਰਾ ਹਨ (cf. ibid, 5)। ਇਸ ਤਰ੍ਹਾਂ ਇਸਦਾ ਅਰਥ ਹੈ ਕਿ ਗ਼ਰੀਬਾਂ, ਸ਼ਰਨਾਰਥੀਆਂ, ਇਕਾਂਤਵਾਸੀਆਂ ਅਤੇ ਇੱਥੋਂ ਤੱਕ ਕਿ ਦੁਸ਼ਮਣਾਂ ਵਿੱਚ ਵੀ ਖ਼ੁਦਾ ਦਾ ਚਿਹਰਾ ਵੇਖਣਾ ਹੈ (cf. Address to the Participants in the 3rd World Meeting on Human Fraternity, 12 September 2025; HF/ਦੇਖੋ, ਮਨੁੱਖੀ ਭਾਈਚਾਰੇ 'ਤੇ ਤੀਸਰੀ ਵਿਸ਼ਵ ਸਭਾ ਵਿੱਚ ਭਾਗੀਦਾਰਾਂ ਨੂੰ ਸੰਬੋਧਨ 'ਚੋਂ, 12 ਸਤੰਬਰ 2025; HF) - ਇਸ ਮਾਨਤਾ ਵਿੱਚ "ਹਰ ਮਨੁੱਖੀ ਜੀਵ ਦੀ ਯੋਗਤਾ ਨੂੰ ਹਮੇਸ਼ਾ ਅਤੇ ਹਰ ਜਗ੍ਹਾ ਸਵੀਕਾਰ ਕਰਨ ਦੇ ਸੱਦੇ ਦੀ ਮੰਗ ਕੀਤੀ ਗਈ ਹੈ। (Francis, Fratelli Tutti, 3 October 2020, 106; FT/ ਫਰਾਂਸਿਸ, ਸਾਰੇ ਭੈਣ-ਭਰਾ, 3 ਅਕਤੂਬਰ, 2020, 106; FT/) ਅਤੇ ਇਸ ਵਿੱਚ ਆਪਣੇ ਹੀ ਵਿਸ਼ਵਾਸਾਂ/ਧਾਰਨਾਵਾਂ ਵਿੱਚ ਕਾਇਮ ਰਹਿੰਦੇ ਹੋਏ ਦੂਜਿਆਂ ਦੀ ਦੇਖਭਾਲ ਕਰਨਾ, ਉਹਨਾਂ ਦਾ ਸਤਿਕਾਰ ਕਰਨਾ, ਉਹਨਾਂ ਦੀ ਗੱਲ ਵੱਲ ਕੰਨ ਲਾਉਣਾ, ਅਤੇ ਉਹਨਾਂ ਦੀ ਮਦਦ ਕਰਨ ਲਈ ਵਚਨਬੱਧ ਹਾਂ। (cf. Francis, Video Message, First Internetional Day of Human Fraternity, 4 February 2021/(ਦੇਖੋ, ਫਰਾਂਸਿਸ, ਵੀਡੀਓ ਸੰਦੇਸ਼, ਮਨੁੱਖੀ ਭਾਈਚਾਰੇ ਦਾ ਪਹਿਲਾ ਅੰਤਰਰਾਸ਼ਟਰੀ ਦਿਵਸ, 4 ਫਰਵਰੀ, 2021) - ਭਾਈਚਾਰਾ ਕਿਉਂਕਿ ਵਾਰਤਾਲਾਪ ਨੂੰ ਉਤਸ਼ਾਹਿਤ ਕਰਦਾ ਹੈ, ਲੋਕਾਂ ਵਿੱਚ ਪੁਲ ਬਣਾਉਂਦਾ ਹੈ, ਵਿਭਿੰਨਤਾ ਪ੍ਰਤੀ ਸਤਿਕਾਰ ਨੂੰ ਉਤਸ਼ਾਹਿਤ ਕਰਦਾ ਹੈ, ਮਤਭੇਦਾਂ ਵਿੱਚ ਸਾਂਝ ਭਰੀਆਂ ਸੰਭਾਵਨਾਵਾਂ ਲੱਭਦਾ ਹੈ ਅਤੇ ਸਭ ਭਲਾਈ ਨੂੰ ਯਕੀਨੀ ਬਣਾਉਂਦਾ ਹੈ। ਇਸ ਲਈ ਸਾਨੂੰ ਭਾਈਚਾਰੇ ਨੂੰ ਚੇਤਨ ਰੂਪ ਵਿੱਚ ਬਣਾਈ ਰੱਖਣਾ ਚਾਹੀਦਾ ਹੈ (FT103)।

ਸਾਡੀਆਂ ਧਾਰਮਿਕ ਪਰੰਪਰਾਵਾਂ ਸਾਨੂੰ ਆਪਣੇ "ਸਾਂਝੇ ਘਰ" ਅੰਦਰ ਏਕਤਾ ਅਤੇ ਸੇਵਾ, ਮਿੱਤਰਤਾ ਅਤੇ ਭਾਈਚਾਰਿਕ ਸਾਂਝ, ਖੁਸ਼ੀ ਅਤੇ ਸਹਿ-ਜ਼ਿੰਮੇਵਾਰੀ ਦੀ ਭਾਵਨਾ ਵਿੱਚ ਇਕੱਠੇ ਰਹਿਣਾ ਸਿਖਾਉਂਦੀਆਂ ਹਨ। ਵਿਸ਼ਵਾਸੀ ਹੋਣ ਦੇ ਨਾਤੇ ਸਾਡਾ ਨੈਤਿਕ ਫ਼ਰਜ਼ ਹੈ ਕਿ ਅਸੀਂ ਇਨ੍ਹਾਂ ਕਦਰਾਂ-ਕੀਮਤਾਂ ਅਨੁਸਾਰ ਕਥਨੀ ਅਤੇ ਕਰਨੀ ਦੋਵਾਂ ਦੁਆਰਾ ਸਾਰਿਆਂ ਨਾਲ ਸਮਾਜਿਕ ਮਿੱਤਰਤਾ ਅਤੇ ਮਨੁੱਖੀ ਭਾਈਚਾਰੇ ਦੇ ਸੰਬੰਧ ਵਿਕਸਤ ਕਰਦੇ ਹੋਏ ਜੀਵਨ ਬਤੀਤ ਕਰੀਏ। ਪੋਪ ਲੀਓ 14ਵੇਂ ਜੀ ਸਾਨੂੰ ਯਾਦ ਦਿਲਾਉਂਦੇ ਹਨ ਕਿ ਸਾਡੀ ਭਾਈਚਾਰਿਕ ਸਾਂਝ ਪ੍ਰਤੀ ਗਵਾਹੀ, "ਇੱਕ ਹੋਰ ਸ਼ਾਂਤੀਪੂਰਨ ਸੰਸਾਰ ਬਣਾਉਣ ਵਿੱਚ ਜ਼ਰੂਰ ਯੋਗਦਾਨ ਪਾਵੇਗੀ, ਕੁਝ ਅਜਿਹਾ

ਜਿਸਦੀ ਕਿ ਸਾਰੇ ਨੇਕ ਨਿਯਤ ਵਾਲੇ ਆਦਮੀ ਅਤੇ ਔਰਤਾਂ ਆਪਣੇ ਦਿਲਾਂ ਵਿੱਚ ਇੱਛਾ ਰੱਖਦੇ ਹਨ" (Address to Representatives of Other Churches and Ecclesial Communities, and other Religions, 19 May, 2025 / ਹੋਰਨਾਂ ਕਲੀਸੀਆਵਾਂ ਅਤੇ ਧਾਰਮਿਕ ਭਾਈਚਾਰਿਆਂ ਅਤੇ ਹੋਰ ਧਰਮਾਂ ਦੇ ਪ੍ਰਤੀਨਿਧੀਆਂ ਨੂੰ ਸੰਬੋਧਨ 'ਚੋਂ, 19 ਮਈ, 2025)

ਭਾਵੇਂ ਭਾਈਚਾਰੇ ਦਾ ਰਾਹ ਚੁਣੌਤੀਆਂ ਭਰਿਆ ਹੈ ਖ਼ਾਸ ਕਰਕੇ ਦੁਨੀਆ ਵਿੱਚ ਡਰ, ਜੰਗ, ਸ਼ੱਕ, ਅਤੇ ਬੇਪਰਵਾਹੀ ਹਾਵੀ ਹਨ। ਇਸ ਲਈ ਸਭ ਮਨੁੱਖਾਂ ਦੀ ਸਾਂਝੀ ਇੱਛਾ ਅਤੇ ਜਾਗਰੂਕ ਕੋਸ਼ਿਸ਼ਾਂ ਦੀ ਲੋੜ ਹੈ, ਤਾਂ ਜੋ ਅਸੀਂ "ਭਾਈਚਾਰੇ ਦੀ ਇੱਕ ਕਿਸ਼ਤੀ" ਤਿਆਰ ਕਰ ਸਕੀਏ ਜੋ ਏਕਤਾ, ਸਾਂਝ ਤੇ ਸਦਭਾਵਨਾ ਦਾ ਪ੍ਰਤੀਕ ਹੋਵੇ।

ਪਰਿਵਾਰ ਜੋ "ਸਾਰੇ ਭਾਈਚਾਰਿਆਂ ਦਾ ਸਰੋਤ", (Francis, Message for the Celebration of the World Day of Peace, 1 January, 2014/ਫਰਾਂਸਿਸ, ਵਿਸ਼ਵ ਸ਼ਾਂਤੀ ਦਿਵਸ ਸਮਾਰੋਹ ਮੌਕੇ 'ਤੇ ਸੰਦੇਸ਼ 'ਚੋਂ, 1 ਜਨਵਰੀ 2014), ਆਪਣੇ ਮੈਂਬਰਾਂ ਅਤੇ ਇਸ ਤੋਂ ਬਾਹਰ ਸਮਾਜ ਵਿੱਚ ਇਹਨਾਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਮੁੱਖ ਭੂਮਿਕਾ ਨਿਭਾਉਂਦਾ ਹੈ। ਸਾਰੇ ਧਰਮ, ਭਾਈਚਾਰੇ ਦੇ ਨਿਰਮਾਣ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ ਅਤੇ ਪਾਉਣਾ ਵੀ ਚਾਹੀਦਾ ਹੈ" (FT. 271)। ਧਾਰਮਿਕ ਆਗੂ, ਵਿਸ਼ੇਸ਼ ਕਰਕੇ, ਆਪਣੇ ਪੈਰੋਕਾਰਾਂ ਨੂੰ ਭਾਈਚਾਰੇ ਦੀ ਭਾਵਨਾ ਅਨੁਸਾਰ ਜੀਉਣ ਲਈ ਪ੍ਰੇਰਿਤ ਕਰਨ ਦੀ ਇੱਕ ਜ਼ਿੰਮੇਵਾਰੀ ਨਿਭਾਉਂਦੇ ਹਨ। ਅੰਤਰ-ਧਾਰਮਿਕ ਵਾਰਤਾਲਾਪ ਦਾ ਉਦੇਸ਼ "ਸੱਚਾਈ ਅਤੇ ਪਿਆਰ ਦੀ ਭਾਵਨਾ ਵਿੱਚ ਅਧਿਆਤਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਅਤੇ ਅਨੁਭਵਾਂ" ਨੂੰ ਸਾਂਝਾ ਕਰਨ ਦੁਆਰਾ ਮਿੱਤਰਤਾ, ਸ਼ਾਂਤੀ ਅਤੇ ਸਦਭਾਵਨਾ ਸਥਾਪਿਤ ਕਰਨਾ ਹੈ (ibid., 271)। ਜਿਸ ਕਰਕੇ ਭਿੰਨ-ਭਿੰਨ ਧਰਮਾਂ ਅਤੇ ਜੀਵਨ ਦੇ ਖੇਤਰਾਂ ਦੇ ਲੋਕਾਂ ਵਿੱਚ ਭਾਈਚਾਰਿਕ ਸਾਂਝ ਨੂੰ ਬਹੁਤਾਤ ਵਿੱਚ ਅੱਗੇ ਵਧਾਇਆ ਜਾ ਸਕਦਾ ਹੈ। ਵਿਦਿਅਕ ਸੰਸਥਾਵਾਂ ਅਤੇ ਮੀਡੀਆ ਦੀ ਵੀ ਜ਼ਿੰਮੇਵਾਰੀ ਹੈ ਕਿ ਨਕਾਰਾਤਮਕ ਸੰਦੇਸ਼ਾਂ ਅਤੇ ਜਾਅਲੀ ਖ਼ਬਰਾਂ ਵਿਰੁੱਧ ਆਵਾਜ਼ ਉਠਾਉਣ, ਅਤੇ ਨੌਜਵਾਨਾਂ ਨੂੰ ਭਾਈਚਾਰਿਕ ਸਾਂਝ ਅਤੇ ਏਕਤਾ ਦੇ ਮੁੱਲਾਂ ਨੂੰ ਅਪਣਾਉਣ ਲਈ ਸਿੱਖਿਅਤ ਕਰਨ ਪ੍ਰਤੀ ਮਹੱਤਵਪੂਰਨ ਭੂਮਿਕਾ ਨਿਭਾਉਣ।

ਆਪਣੀਆਂ-ਆਪਣੀਆਂ ਧਾਰਮਿਕ ਪਰੰਪਰਾਵਾਂ ਵਿੱਚ ਜੁੜੇ ਹੋਏ ਵਿਸ਼ਵਾਸੀਆਂ ਵਜੋਂ, ਸਾਂਝੇ ਮਨੁੱਖੀ ਮੁੱਲਾਂ ਅਤੇ ਸਰਬੱਤ ਦੇ ਭਲੇ ਲਈ ਚਿੰਤਾ ਨਾਲ ਇਕੱਠੇ ਹੋਏ ਮਨੁੱਖਾਂ ਵਜੋਂ, ਆਓ ਅਸੀਂ ਸਿੱਖ, ਈਸਾਈ ਅਤੇ ਹੋਰ ਧਰਮਾਂ ਦੇ ਲੋਕ ਮਿਲ ਕੇ ਭਾਈਚਾਰੇ ਦੇ ਬੀਜ ਬੀਜੀਏ ਅਤੇ ਸਮਾਜਿਕ ਨਿਆਂ, ਨੈਤਿਕ ਭਲਾਈ, ਅਮਨ ਅਤੇ ਆਜ਼ਾਦੀ ਦੇ ਸੱਚੇ ਵਿਕਾਸ ਲਈ ਯੋਗਦਾਨ ਪਾਈਏ। (cf. NA 3)। ਇਸ ਤਰ੍ਹਾਂ ਦਸਤਾਵੇਜ਼ 'ਸਾਡੇ ਸਮੇਂ ਵਿੱਚ' ਦੀ ਭਾਵਨਾ ਅਨੁਸਾਰ, "ਭਾਈਚਾਰੇ ਦੀ ਅਧਿਆਤਮਿਕਤਾ" (HF) ਦਾ ਪੋਸ਼ਣ ਅਤੇ ਸ਼ਾਂਤੀ ਦੀ ਇੱਕ ਸੱਚੀ ਸੰਸਕ੍ਰਿਤੀ ਦਾ ਨਿਰਮਾਣ ਕਰ ਸਕਦੇ ਹਾਂ।

ਅਸੀਂ ਆਪ ਸਭ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਦੀਆਂ ਸ਼ੁਭਕਾਮਨਾਵਾਂ ਦਿੰਦੇ ਹਾਂ!

KAGeorge

**ਕਾਰਡੀਨਲ ਜੌਰਜ ਜੇਕਬ ਕੂਵਾਕਾਡ**
**ਪ੍ਰੀਫੈਕਟ**

**(Cardinal George Jacob Koovakad)**
**Prefect**

IJanakaratne

**ਮੌਨਸੀਨਿਯੌਰ ਇੰਡੁਨਿਲ ਕੋਡੀਥੁਵਾਕੂ ਜਨਾਕਾਰਤਨੇ ਕਨਕਨਮਾਲਾਗੇ**
**ਸਕੱਤਰ**

**(Monsignor Indunil Kodithuwakku Janakaratne Kankanamalage)**
**(Secretary)**

**ਅੰਤਰ ਧਾਰਮਿਕ ਸੰਵਾਦ ਲਈ ਸਭਾ**

**00120 ਵੈਟੀਕਨ ਸਿਟੀ**

Tel: +39.06.6988 4321
Fax: +39.06.6988 4494

E-mail: dialogo@interrel.va
http://www.dicasteryinterreligious.va/